

# ਬੀ ਸੀ ਵਿਚ ਡਾਇਲਿਸਸ ਦੀ ਚੋਣ

BCRenal
an agency of the Provincial Health Services Authority







## ਤੁਹਾਡੇ ਇਲਾਜ ਦੀ ਸਹੀ ਚੋਣ ਕਰਨ ਵਿਚ ਮਦਦ ਕਰਨ ਲਈ ਗਾਈਡ

ਇਸ ਬਰੋਸ਼ਰ ਵਿਚ ਫੋਟੋਆਂ ਬਰਿਟਿਸ਼ ਕੋਲੰਬੀਆ ਦੇ ਗੁਰਦੇ ਦੇ ਮਰੀਜ਼ਾਂ ਦੀਆਂ ਹਨ। ਬੀ ਸੀ ਰੀਨਲ ਏਜੰਸੀ ਮਰੀਜ਼ਾਂ ਤੇ ਉਹਨਾਂ ਦੇ ਪਰਿਵਾਰਾਂ ਦਾ ਇਸ ਯੋਗਦਾਨ ਲਈ ਧੰਨਵਾਦ ਕਰਦੀ ਹੈ।

ਫੋਟੋਆਂ ਵਿਲਿਅਮ ਜੈਨਸ/ ਡਬਲਿਓ ਜੇ ਆਰ ਫੋਟੋ



# ਜਦੋਂ ਡਾਇਲਿਸਸ ਦੀ ਗਲ ਆਉਂਦੀ ਹੈ ਤਾਂ ਬਰਿਟਿਸ਼ ਕੋਲੰਬੀਆ ਵਿਚ ਮਰੀਜ਼ਾਂ ਲਈ ਕਈ ਚੋਣਾਂ ਹਨ

## ਡਾਇਲਿਸਸ ਕੀ ਹੈ?

**ਇਹ** ਬਰੋਸ਼ਰ ਤੁਹਾਡੇ ਤੇ ਤੁਹਾਡੇ ਪਰਿਵਾਰ ਲਈ ਡਾਇਲਿਸਸ ਦੇ ਸਭ ਤੋਂ ਕਾਰਗਾਰ ਤਰੀਕੇ ਬਾਰੇ ਸੋਚਣ ਦਾ ਮੁਢ ਹੈ। ਇਹ ਵੀ ਦਸਦਾ ਹੈ ਕਿ ਅਪਣੇ ਇਲਾਜ ਵਿਚ ਸਰਗਰਮੀ ਨਾਲ ਹਿਸਾ ਲੈਣਾ ਕਿਨਾ ਅਹਿਮ ਹੈ। ਅਸੀਂ ਤੁਹਾਨੂੰ ਉਤਸ਼ਾਹਤ ਕਰਾਂਗੇ ਕਿ ਅਪਣੇ ਗੁਰਦੇ ਵਾਲੇ ਡਾਕਟਰ ਨੂੰ ਮਿਲੋ ਤੇ ਬਾਰੀਕੀ ਨਾਲ ਅਪਣੀਆਂ ਚੋਣਾਂ ਦੀ ਗਲਬਾਤ ਕਰੋ।



ਡਾਇਲਿਸਸ ਇਕ ਇਲਾਜ ਹੈ ਜੋ ਇਕ ਸਿਹਤਮੰਦ ਗੁਰਦੇ ਦੇ ਕੁਝ ਕੰਮਾਂ ਦੀ ਪੂਰਤੀ ਕਰਦਾ ਹੈ। ਇਸ ਦੀ ਲੋੜ ਉਦੋਂ ਪੈਂਦੀ ਹੈ ਜਦੋਂ ਤੁਹਾਡਾ ਗੁਰਦਾ ਤੁਹਾਡੀ ਸਿਹਤ ਠੀਕ ਰਖਣ ਲਈ ਪੂਰਾ ਵਧੀਆ ਕੰਮ ਨਹੀਂ ਕਰਦਾ। ਜਾਨ ਬਚਾਉਣ ਵਾਲੇ ਇਲਾਜ ਦੇ ਨਾਲ ਨਾਲ ਇਹ ਜੀਵਨ ਬਦਲਣ ਵਾਲਾ ਇਲਾਜ ਵੀ ਹੈ। ਕਿਉਂਕਿ ਇਹ ਰੋਜ਼ਾਨਾ ਜੀਵਨ ਦੇ ਕਈ ਪਹਿਲੂਆਂ ਨੂੰ ਪ੍ਰਭਾਵਿਤ ਕਰਦਾ ਹੈ।

ਡਾਇਲਿਸਸ ਦੋ ਕਿਸਮ ਦਾ ਹੁੰਦਾ ਹੈ- ਪੈਰੀਟੋਨੀਅਲ ਤੇ ਹੇਮੋਡਾਇਲਿਸਸ- ਅਤੇ ਦੋਨੋ ਕਿਸਮ ਦੇ ਇਲਾਜ ਕਰਨ ਦੇ ਵਖ ਵਖ ਤਰੀਕੇ ਹਨ।

## ਹੇਮੋਡਾਇਲਿਸਸ

ਹੇਮੋਡਾਇਲਿਸਸ ਵਿਚ ਮਰੀਜ਼ ਦੇ ਖ਼ੂਨ ਨੂੰ ਇਕ ਬਨਾਵਟੀ ਗੁਰਦੇ ਵਿਚੋਂ ਲੰਘਾਇਆ ਜਾਂਦਾ ਹੈ ਜਿਸ ਨੂੰ ਡਾਇਲਾਇਜ਼ਰ ਕਿਹਾ ਜਾਂਦਾ ਹੈ। ਇਹ ਡਾਇਲਾਇਜ਼ਰ ਫਾਲਤੂ ਪਦਾਰਥ ਤੇ ਤਰਲ ਬਾਹਰ ਕਢ ਦਿੰਦਾ ਹੈ। ਕਈ ਮਰੀਜ਼ਾਂ ਨੂੰ ਹੇਮੋਡਾਇਲਿਸਸ ਇਲਾਜ ਦੀ ਲੋੜ ਹੁੰਦੀ ਹੈ ਜਿਹੜਾ ਹਸਪਤਾਲ ਦੇ ਡਾਇਲਿਸਸ ਯੂਨਿਟ ਵਿਚ ਹੀ ਹੋ ਸਕਦਾ ਹੈ। ਜੇ ਤੁਹਾਡਾ ਡਾਇਲਿਸਸ ਸਥਿਰ ਹੈ ਤਾਂ ਤੁਸੀਂ ਕਮਿਊਨਿਟੀ ਡਾਇਲਿਸਸ ਯੂਨਿਟ, ਜੋ ਇਕ 'ਆਜ਼ਾਦ' ਡਾਇਲਿਸਸ ਯੂਨਿਟ ਹੁੰਦੀ ਹੈ ਉਥੇ ਜਾ ਸਕਦੇ ਹੋਂ ਜਾਂ ਡਾਇਲਿਸਸ ਘਰ ਵਿਚ ਕਰ ਸਕਦੇ ਹੋ। ਬੀ ਸੀ ਰੀਨਲ ਏਜੰਸੀ ਦੀ ਵੈਬ ਸਾਈਟ ਤੇ ਹੇਮੋਡਾਇਲਿਸਸ ਯੂਨਿਟਾਂ ਦੀ ਲਿਸਟ ਹੈ: www.bcrenalagency.ca

## ਪੈਰੀਟੋਨੀਅਲ ਡਾਇਲਿਸਸ

ਪੈਰੀਟੋਨੀਅਲ ਡਾਇਲਿਸਸ ਉਦੋਂ ਹੁੰਦਾ ਹੈ ਜਦੋ ਖ਼ੂਨ ਸਰੀਰ ਦੇ ਅੰਦਰ ਹੀ ਸਾਫ ਕੀਤਾ ਜਾਂਦਾ ਹੈ। ਪੈਰੀਟੋਨੀਅਲ ਝਿਲੀ ਇਕ ਫਿਲਟਰ ਵਾਂਗੂ ਕੰਮ ਕਰਦੀ ਹੈ। ਪੈਰੀਟੋਨੀਅਲ ਡਾਇਲਿਸਸ ਘਰ ਵਿਚ ਹੀ ਕੀਤਾ ਜਾਂਦਾ ਹੈ ਜਿਸ ਵਿਚ ਡਾਇਲਾਇਜ਼ਿੰਗ ਦਿਨੇ ਜਾਂ ਰਾਤ ਨੂੰ ਕਰਨ ਦੀ ਚੋਣ ਹੈ।

# ਚੰਗੀ ਸਿਹਤ ਘਰ ਤੋਂ ਸ਼ੁਰੂ ਹੁੰਦੀ ਹੈ



ਬੀ. ਸੀ. ਵਿਚ ਅਪਣੇ ਆਪ ਡਾਇਲਿਸਸ ਕਰਨ ਵਾਲੇ ਮਰੀਜ਼ਾਂ ਦੀ ਗਿਣਤੀ ਵਧ ਰਹੀ ਹੈ। ਖੋਜ ਸਪਸ਼ਟ ਦਸਦੀ ਹੈ ਕਿ ਅਪਣੇ ਇਲਾਜ ਦੀ ਖੁਦ ਜ਼ਿਮੇਵਾਰੀ ਲੈਣ ਵਾਲੇ ਮਰੀਜ਼ਾਂ ਦੇ ਨਤੀਜੇ ਵਧੀਆ ਹਨ।

ਚੰਗੇ ਫਾਇਦਿਆਂ ਵਿਚ :

- ਵਧ ਲਚਕੀਲਾ ਸਮਾਂ
- ਚੰਗੇ ਸਿਹਤ ਦੇ ਨਤੀਜੇ
- ਕੰਮ ਤੇ ਵਾਪਸ ਜਾਣ ਯੋਗ
- ਸਫਰ ਕਰਨ ਦੀ ਸਹੂਲਤ

ਤੇ ਇਹ ਲਿਸਟ ਲੰਮੀ ਹੈ....

ਹੋਰ ਜਾਣਕਾਰੀ ਲਈ ਸਫਾ 8 ਦੇਖੋ



ਅਪਣੇ ਡਾਇਲਿਸਸ ਇਲਾਜ ਆਪ ਸੰਭਾਲਣ ਦੇ ਕੁਝ ਫਾਇਦੇ ਬੀ ਸੀ ਦੇ ਗੁਰਦੇ ਦੇ ਮਰੀਜ਼ਾਂ ਦੇ ਲਫਜ਼ਾਂ ਵਿਚ ਝਲਕਦੇ ਹਨ:

“ਮੈਨੂੰ ਲਗਦਾ ਹੈ ਮੇਰੀ ਜ਼ਿੰਦਗੀ ਮੁੜ ਆਈ। ਹੁਣ ਮੈਨੂੰ ਦਿਨ ਵਿਚ ਵਿਹਲ ਹੈ।”

“ਮੈਨੂੰ ਡਾਇਲਿਸਸ ਚੰਗਾ ਨਹੀਂ ਲਗਦਾ, ਪਰ ਘਰ ਵਿਚ ਅਪਣਾ ਡਾਇਲਿਸਸ ਕਰਨ ਮਗਰੋਂ ਮੈਨੂੰ ਬਹੁਤ ਜ਼ਿਆਦਾ ਤਸੱਲੀ ਹੈ।”





“ਮੈਂ ਲਗਭਗ ਸਾਰਾ ਕੁਝ ਆਪ ਕਰਦਾ ਹਾਂ, ਪਰ ਜੇ ਮੇਰਾ ਕੋਈ ਸਵਾਲ ਹੈ ਜਾਂ ਮੈਨੂੰ ਮਦਦ ਦੀ ਲੋੜ ਹੈ ਤਾਂ ਨਰਸਾਂ ਹਾਜ਼ਰ ਹਨ।”



# ਮਦਦ ਮਿਲਦੀ ਹੈ

ਕਈ ਮਰੀਜ਼ ਬਹੁਤ ਘਟ ਮਦਦ ਤੇ ਨਿਗਰਾਨੀ ਨਾਲ ਯੂਨਿਟ ਵਿਚ ਡਾਇਲਾਇਜ਼ ਕਰਦੇ ਹਨ।ਨਾਲ ਹੀ ਕਈ ਪ੍ਰੋਗਰਾਮਾਂ ਵਿਚ ਮਰੀਜ਼ ਨੂੰ ਵਖ ਵਖ ਸਟੇਜਾਂ ਤੇ ਮਦਦ ਮਿਲਦੀ ਹੈ। ਮਿਸਾਲ ਵਜੋਂ ਇਕ ਮਰੀਜ਼ ਅਪਣਾ ਬਲਡ ਪਰੈਸ਼ਰ ਤੇ ਭਾਰ ਚੈਕ ਕਰ ਸਕਦਾ ਹੈ। ਕੋਈ ਹੋਰ ਇਸ ਦੇ ਨਾਲ ਅਪਣੀ ਡਾਇਲਿਸਸ ਮਸ਼ੀਨ ਸੈਟ ਕਰ ਸਕਦਾ ਹੈ ਜਾਂ ਆਪ ਹੀ ਅਪਣੇ ਸੂਈ ਵੀ ਲਾ ਸਕਦਾ ਹੈ।ਤੁਹਾਡੀ ਕਿਡਨੀ ਸੰਭਾਲ ਟੀਮ ਤੁਹਾਡੀ ਖੁਦ ਵਧ ਤੋਂ ਵਧ ਇਲਾਜ ਵਿਚ ਸ਼ਾਮਲ ਹੋਣ ਵਿਚ ਮਦਦ ਕਰੇਗੀ।ਇਸ ਦੀ ਸ਼ੁਰੂਆਤ ਤੁਹਾਡੇ ਖਾਣੇ ਵਿਚ ਅਤੇ ਤੁਹਾਡੀਆਂ ਦਵਾਈਆਂ ਵਿਚ ਤਬਦੀਲੀ ਕਿਵੇਂ ਕਰਨੀ ਹੈ, ਨਾਲ ਹੋ ਸਕਦੀ ਹੈ ।ਇਸ ਤੋਂ ਅਗੇ ਅਪਣਾ ਡਾਇਲਿਸਸ ਖੁਦ ਕਿਵੇਂ ਕਰਨਾ ਹੈ, ਹੋ ਸਕਦੀ ਹੈ। ਹਰ ਸਟੈਪ ਤੇ ਤੁਹਾਡੇ ਨਿਸ਼ਾਨੇ ਪੂਰੇ ਕਰਨ ਵਿਚ ਟੀਮ ਤੁਹਾਡੇ ਲਈ ਹਾਜ਼ਰ ਹੈ।



# ਤੁਹਾਡਾ ਇਲਾਜ

## ਸਿਖਲਾਈ, ਲਗਾਤਾਰ ਸੰਪਰਕ ਤੇ ਮਦਦ ਤੁਹਾਡੀ ਕਾਮਯਾਬੀ ਦਾ ਰਾਹ ਹੈ

ਸਾਰੇ ਸੂਬੇ ਵਿਚ ਘਰ ਡਾਇਲਿਸਸ ਕਰਨ ਦੀ ਸਿਖਲਾਈ ਦੇਣ ਵਾਲੇ ਪ੍ਰੋਗਰਾਮ ਉਪਲਬਧ ਹਨ। ਤੁਹਾਨੂੰ ਕਿਨੀ ਲੰਮੀ ਸਿਖਲਾਈ ਚਾਹੀਦੀ ਹੈ, ਇਹ ਤਹਾਡੇ ਡਾਇਲਿਸਸ ਦੀ ਕਿਸਮ, ਤੁਸੀਂ ਕਿਨੀ ਛੇਤੀ ਸਿਖਦੇ ਹੋ, ਅਤੇ ਜੇ ਤੁਸੀਂ ਸਾਥੀ ਨੂੰ ਵੀ ਸਿਖਾਉਣਾ ਚਾਹੁੰਦੇ ਹੋ, ਉਪਰ ਨਿਰਭਰ ਕਰਦਾ ਹੈ।



ਜਦੋਂ ਤੁਸੀਂ ਅਤੇ ਤੁਹਾਡੀ ਸਿਖਲਾਈ ਨਰਸ ਘਰ ਵਿਚ ਡਾਇਲਿਸਸ ਕਰਨ ਦੇ ਭਰੋਸੇ ਮੰਦ ਹੋ ਜਾਂਦੇ ਹੋ, ਤਾਂ ਬਹੁਤ ਮਦਦ ਉਪਲਬਧ ਹੈ। ਇਸ ਵਿਚ ਨੇਮ ਨਾਲ ਗੁਰਦੇ ਵਾਲੇ ਡਾਕਟਰ ਤੇ ਕਿਡਨੀ ਸੰਭਾਲ ਟੀਮ ਦੇ ਕਲਿਨਿਕ ਵਲ ਜਾਣਾ, ਤੇ ਬਾਦ ਵਿਚ ਫੋਨ ਕਾਲਾਂ ਤੇ ਈ ਮੇਲ ਆਦਿ ਸ਼ਾਮਲ ਹੈ। ਇਸ ਤੋਂ ਇਲਾਵਾ ਜੇ ਲੋੜ ਹੋਵੇ ਤਾਂ ਬੀ ਸੀ ਹੋਮ ਪ੍ਰੋਗਰਾਮ ਤਕਨੀਕੀ ਮਦਦ, ਜਿਸ ਵਿਚ ਫੋਨ ਕਾਲਾਂ ਤੇ ਘਰ ਵਿਚ ਡਾਇਲਿਸਸ ਕਰਨ ਲਈ ਤਕਨੀਸ਼ਨ ਆਉਣਾ ਸ਼ਾਮਲ ਹੈ।





# ਸੋਚਣ ਲਈ ਇਨਾਂ ਕੁਝ...

## ਮੈਨੂੰ ਕਿਵੇਂ ਪਤਾ ਲਗੇ ਕਿ ਮੇਰੇ ਲਈ ਕੀ ਠੀਕ ਹੈ?

ਤੁਹਾਡੇ ਜੀਵਨ ਵਿਚ ਡਾਇਲਿਸਸ ਇਕ ਵਡਾ ਹਿਸਾ ਬਣੇਗਾ।ਸੋ ਇਸ ਲਈ ਜ਼ਰੂਰੀ ਹੈ ਕਿ ਤੁਸੀਂ ਉਹ ਇਲਾਜ ਚੁਣੋ ਜੋ ਤੁਹਾਡੇ ਰਹਿਣ ਸਹਿਣ, ਸ਼ਖਸੀਅਤ ਤੇ ਡਾਕਟਰੀ ਜ਼ਰੂਰਤਾਂ ਨਾਲ ਮੇਲ ਖਾਵੇ।

ਇਸ ਵਿਚ ਤੁਹਾਡੀ ਮਦਦ ਕਰਨ ਲਈ ਅਸੀਂ ਸੁਝਾਅ ਦਿਆਂਗੇ ਕਿ ਸਫਾ 7 ਉਪਰਲੇ ਸਵਾਲਾਂ ਬਾਰੇ ਸੋਚੋ ਤੇ ਸਫਾ 8 ਤੇ ਬਣੇ ਚਾਰਟ ਦੇਖੋ ਜਿਸ ਵਿਚ ਵਧ ਵੇਰਵੇ ਹਨ।

ਅਪਣੇ ਨਜ਼ਦੀਕੀਆਂ ਨਾਲ ਇਸ ਬਾਰੇ ਗਲ ਬਾਤ ਕਰੋ। ਬੀ. ਸੀ. ਰੀਨਲ ਏਜੰਸੀ ਦੀ ਵੈਬਸਾਈਟ ਉਪਰ ਵਿਡੀਓ ਵਿਚ ਦੇਖੋ ਕਿ ਦੂਸਰੇ ਮਰੀਜ਼ ਕੀ ਕਹਿੰਦੇ ਹਨ। bcrenalagency.ca
ਅ਼ਪਣੇ ਗੁਰਦੇ ਦੇ ਡਾਕਟਰ ਤੇ ਸੰਭਾਲ ਟੀਮ ਨਾਲ ਗਲਬਾਤ ਕਰੋ। ਉਹਨਾਂ ਦਾ ਮਕਸਦ ਤੁਹਾਡੇ ਤੇ ਤੁਹਾਡੇ ਪਰਿਵਾਰ ਦੀ ਸਹੀ ਫੈਸਲਾ ਕਰਨ ਵਿਚ ਮਦਦ ਕਰਨਾ ਹੈ।

# ਡਾਇਲਿਸਸ ਬਾਰੇ ਫੈਸਲਾ ਕਰਨ ਵਿਚ ਤੁਹਾਡੀ ਮਦਦ ਲਈ ਸਵਾਲ

ਪੜਨ ਤੋਂ ਪਹਿਲਾਂ ਕੁਝ ਮਿਨਟ ਸੋਚਣ ਤੇ ਲਗਾਓ ਕਿ ਕਿਹੜੀਆਂ ਗਲਾਂ ਤੁਹਾਡੇ ਲਈ ਮਹੱਤਵਪੂਰਨ ਹਨ। ਤੁਸੀਂ ਕਿਹੋ ਜਿਹਾ ਰਹਿਣ ਸਹਿਣ ਪਸੰਦ ਕਰਦੇ ਹੋ? ਮਿਸਾਲ ਵਜੋਂ:

- ਕੀ ਤੁਹਾਡੇ ਸਮਾਂ ਲਚਕੀਲਾ ਹੋਣਾ ਅਹਿਮ ਹੈ?
- ਕੀ ਤੁਹਾਡਾ ਜੀਵਨ ਦਾ ਸਮਾਂ ਨੌਕਰੀ, ਵਾਲੰਟੀਅਰ ਕੰਮ ਤੇ ਪਰਿਵਾਰ ਵਿਚ ਵੰਡਿਆ ਹੈ?
- ਕੀ ਤੁਸੀਂ ਹਰ ਵੇਲੇ ਰੁਝੇ ਹੋਏ ਹੋ? ਜਾਂ ਤੁਹਾਡਾ ਜੀਵਨ ਸਹਿਜ ਭਾਵੀ ਹੈ? ਕੀ ਤੁਹਾਡੀ ਜੀਵਨ ਸ਼ੈਲੀ ਐਕਟਿਵ ਹੈ?
- ਅਪਣਾ ਵਿਹਲਾ ਸਮਾਂ ਕਿਵੇਂ ਬਿਤਾਉਂਦੇ ਹੋ?
- ਕੀ ਤੁਸੀਂ ਤੁਰੰਤ ਫੈਸਲੇ ਲੈਂਦੇ ਹੋ?
- ਕੀ ਅਪਣੇ ਇਲਾਜ ਵਿਚ ਹਿਸਾ ਲੈਣ ਵਿਚ ਤੁਸੀਂ ਸੁਖਾਲੇ ਮਹਿਸੂਸ ਕਰਦੇ ਹੋਂ?
- ਕੀ ਤੁਸੀਂ ਡਾਇਲਿਸਸ ਸਿਖਲਾਈ ਪ੍ਰੋਗਰਾਮ ਵਿਚ ਹਿੱਸਾ ਲੈਣ ਲਈ ਅਪਣਾ ਟਾਈਮ ਟੇਬਲ ਬਦਲ ਸਕਦੇ ਹੋਂ?
- ਕੀ ਤੁਸੀਂ ਹਫਤੇ ਵਿਚ ਕਈ ਵਾਰ ਡਾਇਲਿਸਸ ਯੂਨਿਟ ਵਿਚ ਇਲਾਜ ਲਈ ਆਉਣ ਜਾਣ ਲਈ ਡਰਾਈਵ ਕਰਦੇ ਹੋਂ ਜਾਂ ਬਸ/ਹੈਂਡੀਡਾਰਟ ਵਰਤਦੇ ਹੋਂ?

## ਖਰਚਾ ਕਿਨਾਂ ਹੈ?

ਬੀ. ਸੀ. ਵਿਚ ਗੁਰਦੇ ਦੇ ਮਰੀਜ਼ ਖੁਸ਼ਕਿਸਮਤ ਹਨ ਕਿ ਡਾਇਲਿਸਸ ਤੇ ਇਸ ਦੀਆਂ ਦਵਾਈਆਂ ਵਗੈਰਾ ਦਾ ਖਰਚਾ ਬਹੁਤ ਘਟ ਜਾਂ ਨਾਂਮਾਤਰ ਹੈ। ਪੈਰੀਟੋਨੀਅਲ ਤੇ ਘਰ ਵਿਚ ਹੇਮੋਡਾਇਲਿਸਸ ਦੇ ਮਰੀਜ਼ਾਂ ਲਈ, ਸਾਰੀ ਸਿਖਲਾਈ, ਮਸ਼ੀਨਾਂ ਤੇ ਸਮਾਨ, ਸਮਾਨ ਘਰ ਪਹੁੰਚਾਉਣਾ ਅਤੇ ਘਰ ਵਿਚ ਤਕਨੀਕੀ ਮਦਦ ਦੇ ਸਾਰੇ ਖਰਚੇ ਕਵਰ ਹਨ। ਘਰ ਵਿਚ ਹੇਮੋਡਾਇਲਿਸਸ ਕਰਨ ਲਈ ਲੋੜੀਂਦੀਆਂ ਬਿਜਲੀ ਤੇ ਪਲੰਬਿੰਗ ਤਬਦੀਲੀਆਂ ਦਾ ਖਰਚਾ ਵੀ ਕਵਰ ਹੈ। ਨੋਟ ਕਰਨ ਵਾਲੀ ਗਲ ਹੈ ਕਿ ਘਰ ਵਿਚ ਹੇਮੋਡਾਇਲਿਸਸ ਕਰਨ ਲਈ ਬਿਜਲੀ, ਪਾਣੀ, ਸੀਵਰ ਤੇ ਹਾਈਡਰੋ ਦੇ ਖਰਚੇ ਸੰਭਾਵੀ ਵਧ ਹੋਣਗੇ। ਪਰ ਹਫਤੇ ਵਿਚ ਤਿੰਨ ਵਾਰ ਡਾਇਲਿਸਸ ਯੂਨਿਟ ਤੇ ਜਾਣ ਦੇ ਖਰਚੇ (ਗੈਸ ਜਾਂ ਹੈਂਡੀ ਡਾਰਟ, ਪਾਰਕਿੰਗ, ਖਾਣਾ) ਇਸ ਤੋਂ ਵਧ ਵੀ ਹੋ ਸਕਦੇ ਹਨ। ਡਾਇਲਿਸਸ ਕਿਸੇ ਵੀ ਕਿਸਮ ਦਾ ਹੋਵੇ-ਆਉਣ ਜਾਣ ਦੇ ਸਾਰੇ ਖਰਚੇ ਦੀ ਜ਼ਿੰਮੇਵਾਰੀ ਮਰੀਜ਼ ਦੀ ਹੁੰਦੀ ਹੈ।

BC Renal
an agency of the Provincial Health Services Authority

# ਡਾਇਲਿਸਸ ਚੋਣਾਂ ਉਪਰ ਇਕ ਨਜ਼ਰ

| | |
|---|---|
| ਰਹਿਣ ਸਹਿਣ | ਅਪਣੇ ਟਾਈਮ ਟੇਬਲ ਦੀ ਸਹੂਲਤ ਮੁਤਬਕ ਡਾਇਲਿਸਸ ਕਰ ਸਕੇ |
| | ਤੁਹਾਡੇ ਕੰਟਰੋਲ ਵਿਚ |
| | ਪੋਰਟੇਬਲ, ਤਾਕਿ ਤੁਸੀਂ ਸਫਰ ਕਰ ਸਕੋ |
| | ਖਾਣਾ ਤੇ ਤਰਲ ਖਾਣ ਦੀ ਸਹੂਲਤ |
| | ਹਫਤੇ ਵਿਚ 3 ਵਾਰ ਡਾਇਲਿਸਸ ਲਈ ਜਾਣਾ |
| | ਵਧ ਡਾਇਲਿਸਸ ਕਰਨਾ ਜਿਸ ਨਾਲ ਵਧੀਆ ਮਹਿਸੂਸ ਕਰੋ |
| ਡਾਕਟਰੀ | ਸੂਈ ਬਗੈਰ ਇਲਾਜ |
| | ਕਲਿਨਿਕ ਨਰਸਾਂ, ਸੋਸ਼ਲ ਵਰਕਰ,ਡਾਇਟੀਸ਼ਨ,ਤੇ ਗੁਰਦੇ ਦੇ ਮਾਹਰਾਂ ਦੀ ਮਜ਼ਬੂਤ ਮਦਦ ਕਰਨ ਵਾਲੀ ਟੀਮ |
| | ਕੁਝ ਦਵਾਈਆਂ ਘਟਣ ਦੀ ਸੰਭਾਵਨਾ |
| | ਪੇਟ ਵਿਚ ਪੱਕਾ ਕੈਥੀਟਰ |
| | ਵੈਸਕੂਲਰ ਸਰਜਰੀ |
| | ਸਮਾਨ ਰਖਣ ਲਈ ਜਗਾਹ ਦੀ ਲੋੜ |
| ਤੁਹਾਡਾ ਰੋਲ | ਸਾਮਾਨ ਆਰਡਰ ਕਰ ਕੇ ਘਰ ਰਖਦੇ ਹੋ |
| | ਕਈ ਹਫਤਿਆਂ ਦੀ ਸਿਖਲਾਈ ਚਾਹੀਦੀ ਹੈ |
| | ਸੀਵਰੇਜ/ ਸੈਪਟਿਕ ਸਿਸਟਮ ਦੇ ਨਿਰੀਖਣ ਦੀ ਲੋੜ |
| | ਸੂਈ ਵੈਸਕੁਲਰ ਸਿਖਲਾਈ |
| | ਕਮਰੇ ਵਿਚ ਟੈਲੀਫੋਨ ਦੀ ਲੋੜ |
| | ਅਪਣਾ ਡਾਇਲਿਸਸ ਖੁਦ ਸੈਟ ਕਰਦੇ ਹੋ ਤੇ ਨਿਰੀਖਣ ਕਰਦੇ ਹੋ |
| ਖਰਚ | ਸਮਾਨ ਤੇ ਪਹੁੰਚਾਉਣ ਦਾ ਖਰਚਾ ਕਵਰ |
| | ਘਰ ਵਿਚ ਸੰਭਾਵੀ ਪਲੰਬਿਗ ਤੇ ਬਿਜਲੀ ਦੇ ਬਦਲਾਣ ਦੀ ਲੋੜ (ਖਰਚੇ ਪ੍ਰੋਗਰਾਮ ਵਿਚ ਕਵਰ) |

ਬੀ. ਸੀ. ਪ੍ਰੋਵਿੰਸ਼ਲ ਰੀਨਲ ਏਜੰਸੀ, ਸੂਬਾਈ ਹੈਲਥ ਸਰਵਿਸਜ਼ ਅਥਾਰਟੀ ਦੀ ਇਕ ਏਜੰਸੀ ਹੈ ਜੋ ਸੂਬੇ ਵਿਚ ਗੁਰਦੇ ਦੇ ਇਲਾਜ ਸਿਸਟਮ ਦੀ ਯੋਜਨਾ ਤੇ ਪ੍ਰਬੰਧ ਤੇ ਦੇਖਭਾਲ ਕਰਦੀ ਹੈ।

| ਪੈਰੀਟੋਨੀਅਲ ਡਾਇਲਿਸਸ | ਘਰ ਵਿਚ ਹੇਮੋਡਾਇਲਿਸਸ | ਹਸਪਤਾਲ ਤੇ ਕਮਿਊਨਿਟੀ ਡਾਇਲਿਸਸ ਯੂਨਿਟ |
|---|---|---|
| ਹਾਂ | ਹਾਂ | ਨਾਂ |
| ਹਾਂ | ਹਾਂ | ਨਾਂ |
| ਹਾਂ | ਕਦੇ ਕਦੇ | ਨਾਂ |
| ਹਾਂ | ਹਾਂ | ਨਾਂ |
| ਨਾਂ | ਨਾਂ | ਹਾਂ |
| ਹਾਂ | ਹਾਂ | ਨਾਂ |
| ਹਾਂ | ਨਾਂ | ਨਾਂ |
| ਹਾਂ | ਹਾਂ | ਹਾਂ |
| ਹਾਂ | ਹਾਂ | ਹਾਂ |
| ਹਾਂ | ਨਾਂ | ਹਾਂ |
| ਨਾਂ | ਹਾਂ | ਨਾਂ |
| ਹਾਂ | ਹਾਂ | ਨਾਂ |
| ਹਾਂ | ਹਾਂ | ਨਾਂ |
| ਹਾਂ | ਹਾਂ | ਨਾਂ |
| ਨਾਂ | ਕਦੇ ਕਦੇ | ਨਾਂ |
| ਨਾਂ | ਹਾਂ | ਨਾਂ |
| ਕਦੇ ਕਦੇ | ਹਾਂ | ਨਾਂ |
| ਹਾਂ | ਹਾਂ | ਨਾਂ |
| ਹਾਂ | ਹਾਂ | ਹਾਂ |
| ਨਾਂ | ਕਦੇ ਕਦੇ | ਨਾਂ |

* ਮਰੀਜ਼ ਅਕਸਰ ਹਸਪਤਾਲ ਵਿਚ ਡਾਇਲਿਸਸ ਤੋਂ ਕਮਿਊਨਿਟੀ ਯੂਨਿਟ ਡਾਇਲਿਸਸ ਵਲ ਚਲੇ ਜਾਂਦੇ ਹਨ। ਜੇ ਉਹ ਇਸ ਯੋਗ ਹਨ ਤਾਂ ਮਰੀਜ਼ਾਂ ਨੂੰ ਅਪਣੇ ਇਲਾਜ ਵਿਚ ਵੱਧ ਸੁਰਗਰਮੀ ਨਾਲ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ ਤੇ ਮਦਦ ਕੀਤੀ ਜਾਂਦੀ ਹੈ, ।ਕਈ ਮਰੀਜ਼ ਜੋ ਇਕ ਜਗਾਹ ਡਾਇਲਿਸਸ ਕਰਦੇ ਹਨ ਫੈਸਲਾ ਕਰਦੇ ਹਨ ਕਿ ਘਰ ਵਿਚ ਪੈਰੀਟੋਨੀਅਲ ਡਾਇਲਿਸਸ ਜਾਂ ਹੇਮੋਡਾਇਲਿਸਸ ਨਾਲ ਅਪਣੇ ਇਲਾਜ ਦੀ ਸਿਖਲਾਈ ਲੈਣ

BCRenal

an agency of the Provincial Health Services Authority

Suite 700 1380 Burrard St
Vancouver, BC V6Z 2H3
(t) 604.875.7340
www.bcrenalagency.ca
Facebook.com/BCRenalAgency
Twitter: @BCRenalAgency

The Kidney Foundation of Canada

BC Children's Hospital · fraserhealth · Interior Health · northern health · Providence Health Care · Vancouver Coastal Health · island health · Provincial Health Services Authority · British Columbia